# ਦਫਤਰ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਮੈਜਿਸਟਰੇਟ, ਫਿਰੋਜ਼ਪੁਰ

## OFFICE OF DEPUTY COMMISSIONER CUM DISTT. MAGISTRATE, FEROZEPUR

(ਫੁਟਕਲ ਸ਼ਾਖਾ)

ਹੁਕਮ ਨੰ: 445

ਕੋਵਿਡ-19 (ਕਰੋਨਾ ਵਾਇਰਸ) ਦੀ ਬਿਮਾਰੀ ਵਿਸ਼ਵ ਭਰ ਵਿੱਚ ਫੈਲਣ ਤੋਂ ਬਾਅਦ ਇਸ ਨੇ ਆਪਣੇ ਪੈਰ ਪੂਰੇ ਭਾਰਤ ਵਿੱਚ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਨੂੰ ਮੁੱਖ ਰੱਖਦੇ ਹੋਏ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਵੀ ਇਸ ਵਾਇਰਸ ਦੇ ਫੈਲਣ ਤੋਂ ਖਤਰਾ ਲਗਾਤਾਰ ਬਣਿਆ ਹੋਇਆ ਹੈ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੈ। ਇਸ ਸਬੰਧੀ ਇਸ ਦਫਤਰ ਦੇ ਹੁਕਮ ਨੰ. 370 ਮਿਤੀ 23.03.2020, ਹੁਕਮ ਨੰ. 399 ਮਿਤੀ 31.03.2020 ਅਤੇ ਹੁਕਮ ਨੰ. 422 ਮਿਤੀ 15.04.2020 ਰਾਹੀਂ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਹਨ।

ਕਰੋਨਾ ਵਾਇਰਸ ਤੋਂ ਬਚਾਅ ਲਈ ਲੋਕਾਂ ਦੀ ਨਿਰੋਈ ਸਿਹਤ ਹੋਣਾ ਜਰੂਰੀ ਹੈ। ਲੋਕਾਂ ਦੀ ਚੰਗੀ ਸਿਹਤ ਲਈ ਇਹ ਜਰੂਰੀ ਹੈ ਕਿ ਉਹਨਾਂ ਨੂੰ ਤਾਜੀਆਂ ਸਬਜੀਆਂ ਅਤੇ ਫਲ ਮਿਲਦੇ ਰਹਿਣ। ਸਬਜੀ ਮੰਡੀ ਵਿਖੇ ਦਿਨ ਪ੍ਰਤੀ ਦਿਨ ਭੀੜ ਜਿਆਦਾ ਵੱਧ ਰਹੀ ਹੈ ਅਤੇ ਇਸ ਸਮੇਂ ਦੌਰਾਨ ਮਹਾਰਾਸ਼ਟਰ ਅਤੇ ਰਾਜਸਥਾਨ ਤੋਂ ਪੰਜਾਬ ਵਿੱਚ ਸੰਗਤਾਂ ਦੇ ਆਉਣ ਕਾਰਨ ਕਰੋਨਾ ਵਾਇਰਸ ਪੀੜ੍ਹਤਾਂ ਦੀ ਗਿਣਤੀ ਵੀ ਵੱਧ ਰਹੀ ਹੈ। ਜਿਸ ਨਾਲ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਕਰੋਨਾ ਵਾਇਰਸ ਦੇ ਨਵੇਂ ਮਾਮਲੇ ਸਾਮ੍ਹਣੇ ਆਏ ਹਨ। ਇਸ ਬਿਮਾਰੀ ਦੇ ਫੈਲਾਅ ਦੇ ਖਤਰੇ ਨੂੰ ਭਾਪਦੇ ਹੋਏ ਇਸ ਬਿਮਾਰੀ ਨੂੰ ਰੋਕਣ ਲਈ ਹੋਰ ਵੀ ਸਖਤ ਕਦਮ ਚੁੱਕਣੇ ਜਰੂਰੀ ਹਨ ਤਾਂ ਜੋ ਇਸ ਬਿਮਾਰੀ ਨੂੰ ਵੱਧਣ ਤੋਂ ਰੋਕਿਆ ਜਾ ਸਕੇ। ਸਬਜੀ ਮੰਡੀ ਫਿਰੋਜ਼ਪੁਰ ਸ਼ਹਿਰ ਵਿਖੇ ਖਰੀਦਦਾਰਾਂ, ਕਿਸਾਨਾਂ ਅਤੇ ਵਪਾਰੀਆਂ ਕਾਰਨ ਕਾਫੀ ਭੀੜ ਦਾ ਇਕੱਠ ਹੋ ਰਿਹਾ ਹੈ। ਇਸ ਲਈ ਮੌਜੂਦਾ ਹਾਲਾਤਾਂ ਨੂੰ ਵੇਖਦੇ ਹੋਏ ਸਬਜੀ ਮੰਡੀ ਦੇ ਸਮੇਂ ਵਿੱਚ ਫੇਰਬਦਲ ਅਤੇ ਰੋਟੇਸ਼ਨ ਵਾਈਜ਼ ਖੋਲ੍ਹਣ ਲਈ ਹੁਕਮ ਜਾਰੀ ਕੀਤੇ ਜਾਂਦੇ ਹਨ।

ਜਿੱਥੇ ਲੋਕਾਂ ਨੂੰ ਫੱਲ ਅਤੇ ਸਬਜੀਆਂ ਸਪਲਾਈ ਕਰਨੀ ਜਰੂਰੀ ਹਨ, ਉੱਥੇ ਇਸ ਮਹਾਂਮਾਰੀ ਤੋਂ ਬਚਾਅ ਲਈ ਫਿਰੋਜ਼ਪੁਰ ਸ਼ਹਿਰ ਦੀ ਸਬਜੀ ਮੰਡੀ ਅਗਲੇ ਹੁਕਮਾਂ ਤੱਕ **ਸੋਮਵਾਰ, ਬੁਧਵਾਰ, ਸ਼ੁੱਕਰਵਾਰ ਅਤੇ ਸ਼ਨੀਵਾਰ** ਰੋਟੇਸ਼ਨ ਵਾਈਜ਼ ਖੁੱਲੇਗੀ ਅਤੇ **ਮੰਗਲਵਾਰ, ਵੀਰਵਾਰ ਅਤੇ ਐਤਵਾਰ ਨੂੰ ਸਬਜੀ ਮੰਡੀ ਬੰਦ ਰਹੇਗੀ।** ਉਕਤ ਦਿਨਾਂ ਦੌਰਾਨ ਕੰਮ ਕਰਦੇ ਸਮੇਂ ਸਿਹਤ ਵਿਭਾਗ ਵੱਲੋਂ ਸਮੇਂ-ਸਮੇਂ ਉੱਪਰ ਜਾਰੀ ਕੀਤਆਂ ਗਈਆਂ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ ਜਿਵੇਂ ਕਿ ਮੂਹ ਤੇ ਮਾਸਕ, ਹੱਥਾਂ ਤੇ ਦਸਤਾਨੇ ਪਾਏ ਹੋਣ, ਹਰ ਵਿਅਕਤੀ ਆਪਸ ਵਿੱਚ 2 ਮੀਟਰ ਦੀ ਦੂਰੀ ਰੱਖੇਗਾ ਅਤੇ ਸੈਨੀਟਾਈਜ਼ਰ ਦੀ ਵਰਤੋ ਕੀਤੀ ਜਾਵੇ।

ਨਿਮਨਹਸਤਾਖਰ ਵੱਲੋਂ ਹੁਕਮ ਨੰ. 429 ਮਿਤੀ 20.04.2020 ਰਾਹੀਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਸਮਾਂ ਅਤੇ ਕਰਫਿਊ ਪਾਸ ਪਹਿਲਾਂ ਵਾਂਗ ਹੀ ਜਾਰੀ ਰਹਿਣਗੇ।

ਉਪਰੋਕਤ ਅਨੁਸਾਰ ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਹੋਇਆ ਹਰ ਖਰੀਦਦਾਰ/ਕਿਸਾਨ ਅਤੇ ਵਪਾਰੀ ਬਿਨਾ ਕੁਤਾਹੀ ਇਹਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨਗੇ।

ਇਹ ਹੁਕਮ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੇ।

DISTRICT MAGISTRATE FEROZEPUR

ਕੁਲਵੰਤ ਸਿੰਘ, IAS
ਜ਼ਿਲ੍ਹਾ ਮੈਜਿਸਟਰੇਟ
ਫਿਰੋਜ਼ਪੁਰ

ਪਿੱ:ਅੰ:ਨੰ: ਫਸ/ਫਕ-1/2020/ 1175 ਮਿਤੀ: 3/5/2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਹਿੱਤ ਭੇਜਿਆ ਜਾਂਦਾ ਹੈ:-

1. ਕਮਿਸ਼ਨਰ, ਫਿਰੋਜ਼ਪੁਰ ਮੰਡਲ, ਫਿਰੋਜ਼ਪੁਰ
2. ਸੀਨੀਅਰ ਪੁਲਿਸ ਕਪਤਾਨ, ਫਿਰੋਜ਼ਪੁਰ
3. ਉਪ ਮੰਡਲ ਮੈਜਿਸਟਰੇਟ ਫਿਰੋਜ਼ਪੁਰ/ਗੁਰੂਹਰਸਹਾਏ/ਜੀਰਾ
4. ਜ਼ਿਲ੍ਹਾ ਮੰਡੀ ਅਫਸਰ, ਫਿਰੋਜ਼ਪੁਰ
5. ਜ਼ਿਲ੍ਹਾ ਲੋਕ ਸੰਪਰਕ ਅਫਸਰ, ਫਿਰੋਜ਼ਪੁਰ
6. ਪ੍ਰਧਾਨ, ਆੜ੍ਹਤੀਆ ਐਸੋਸ਼ੀਏਸ਼ਨ, ਜ਼ਿਲ੍ਹਾ ਫਿਰੋਜ਼ਪੁਰ

ਜ਼ਿਲ੍ਹਾ ਮੈਜਿਸਟਰੇਟ
ਫਿਰੋਜ਼ਪੁਰ

Scanned with CamScanner